## ਸਿੰਘ ਸਾਹਿਬਾਨ ਇਤਿਹਾਸਕ ਤੱਥ ਬਦਲਣ ਦੀ ਕੋਸ਼ਿਸ਼ ਨਾ ਕਰਨ

ਕੁਝ ਦੇਰ ਪਹਿਲਾਂ ਦਿੱਲੀ ਸ਼ਹਿਰ ਵਿੱਚ ਗੁਰਦੁਆਰਾ ਕਮੇਟੀ ਵੱਲੋਂ ਇਕ ਸਮਾਗਮ ਕੀਤਾ ਗਿਆ ਸੀ, ਜਿਸ ਵਿੱਚ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਾਮਿਲ ਸਨ। ਗੁਰਦੁਆਰਾ ਸੀਸ ਗੰਜ ਸਾਹਿਬ ਜਿੱਥੇ 1675 ਵਿੱਚ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਹੋਇਆ ਸੀ, ਚਾਂਦਨੀ ਚੌਂਕ ਵਿੱਚ ਸਥਾਪਤ ਹੈ। ਉਸ ਸਮੇਂ ਉਨ੍ਹਾਂ ਦੇ ਸੇਵਕ ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਵੀ ਸ਼ਹੀਦ ਕੀਤੇ ਗਏ ਸਨ। ਇਤਿਹਾਸਕਾਰਾਂ ਨੇ ਇਸ ਸਾਕੇ ਦਾ ਜੋ ਵਰਣਨ ਕੀਤਾ ਹੈ, ਉਸ ਅਨੁਸਾਰ ਨੌਵੇਂ ਪਾਤਸ਼ਾਹ ਦਾ ਸੀਸ ਤੇ ਧੜ ਵੱਖ-ਵੱਖ ਉਸ ਥਾਂ 'ਤੇ ਪਏ ਸਨ। ਮੁਗਲ ਸਰਕਾਰ ਦਾ ਏਨਾ ਡਰ ਸੀ ਕਿ ਕੋਈ ਸ਼ਹਿਰੀ ਉਨ੍ਹਾਂ ਦਾ ਰੀਤੀ ਅਨੁਸਾਰ ਸੰਸਕਾਰ ਕਰਨ ਲਈ ਉੱਥੇ ਨਹੀਂ ਸੀ ਆ ਸਕਦਾ। ਉਸ ਸਮੇਂ ਪਾਈ ਜੈਤਾ ਜੀ, ਜੋ ਉਸ ਇਲਾਕੇ ਵਿੱਚ ਕੰਮ ਕਰਦੇ ਸਨ, ਉਨ੍ਹਾਂ ਨੇ ਹਿੰਮਤ ਕਰਕੇ ਰਾਤ ਨੂੰ ਸੀਸ ਚੁੱਕ ਲਿਆ ਤੇ ਕਈ ਦਿਨ ਲੁਕ-ਲੁਕ ਕੇ ਅਨੰਦਪੁਰ ਸਾਹਿਬ ਪੁੱਜ ਗਏ ਤੇ ਜਾ ਕੇ ਦਸਵੇਂ ਪਾਤਸ਼ਾਹ ਨੂੰ ਸੀਸ ਭੇਟ ਕਰ ਦਿੱਤਾ। ਇਕ ਹੋਰ ਸ਼ਰਧਾਲੂ ਲੱਖੀ ਸ਼ਾਹ ਵਣਜਾਰਾ ਨੇ ਆਪਣੇ ਕਪਾਹ ਦੇ ਗੱਡੇ ਵਿੱਚ ਧੜ ਨੂੰ ਰੱਖ ਲਿਆ ਤੇ ਆਪਣੇ ਘਰ ਵਿੱਚ ਆ ਕੇ ਉਸ ਨੂੰ ਅਗਨੀ ਭੇਟ ਕਰ ਦਿੱਤਾ ਸੀ। ਉੱਥੇ ਅੱਜ ਗੁਰਦੁਆਰਾ ਰਕਾਬ ਗੰਜ ਕਾਇਮ ਹੈ। ਪਿਛਲੇ 340 ਸਾਲ ਤੋਂ ਜਦ ਕੋਈ ਇਹ ਸਾਖੀ ਸੁਣਾਉਂਦਾ ਹੈ ਜਾਂ ਅਸੀਂ ਇਤਿਹਾਸ ਪੜ੍ਹਦੇ ਹਾਂ ਤਾਂ ਭਾਈ ਜੈਤਾ ਜੀ ਤੇ ਲੱਖੀ ਸ਼ਾਹ ਦੀ ਦਲੇਰੀ ਤੋਂ ਅਸ਼-ਅਸ਼ ਹੁੰਦੇ ਹਾਂ।

ਪਰ ਮੈਨੂੰ ਹੈਰਾਨੀ ਹੋਈ, ਜਦ ਦਿੱਲੀ ਵਿੱਚ ਭਾਈ ਜੈਤਾ ਜੀ ਨੂੰ ਸ਼ਰਧਾਂਜਲੀ ਦੇਣ ਲਈ ਲੰਗਰ ਹਾਲ ਦਾ ਨਾਂਅ ਉਨ੍ਹਾਂ ਦੇ ਨਾਂਅ 'ਤੇ ਰੱਖਣ ਦਾ ਫੈਸਲਾ ਹੋਇਆ ਤੇ ਹਾਲ ਦਾ ਨਾਂਅ 'ਭਾਈ ਜੀਵਨ ਸਿੰਘ ਹਾਲ' ਰੱਖ ਦਿੱਤਾ ਗਿਆ। ਕੀ ਅਸੀਂ ਇਤਿਹਾਸ ਬਦਲ ਸਕਦੇ ਹਾਂ ? ਆਉਣ ਵਾਲੇ ਸਮੇਂ ਵਿੱਚ ਭਾਈ ਜੈਤਾ ਜੀ ਤੇ ਭਾਈ ਜੀਵਨ ਸਿੰਘ ਦਾ ਭੁਲੇਖਾ ਅਸੀਂ ਆਪ ਪਾ ਰਹੇ ਹਾਂ। ਜਦ ਇਹ ਇਤਿਹਾਸਕ ਕਾਰਨਾਮਾ ਕੀਤਾ ਸੀ ਤਾਂ ਉਹ ਭਾਈ ਜੈਤਾ ਸੀ। ਵੈਸੇ ਵੀ ਸਿੰਘ ਸਾਹਿਬ ਜਾਣਦੇ ਹਨ ਕਿ ਅੰਮ੍ਰਿਤ ਪਾਨ ਤਾਂ 1699 ਵਿੱਚ ਭਾਵ 24 ਸਾਲ ਪਿੱਛੋਂ ਹੋਇਆ ਸੀ, ਫਿਰ 1675 ਵਿੱਚ ਇਤਿਹਾਸ ਵਿੱਚੋਂ ਕੱਢ ਕੇ ਅਸੀਂ ਕੀ ਸਾਬਤ ਕਰ ਰਹੇ ਹਾਂ ਤੇ ਦੂਜਾ ਇਸ ਦਾ ਕੀ ਲਾਭ ਮਿਲ ਰਿਹਾ ਹੈ ? ਜੇ ਇਹੋ ਭਾਵਨਾ ਹੈ ਕਿ ਅਸੀਂ ਬਿਨਾਂ ਸਿੰਘ ਦੇ ਕਿਸੇ ਦੀ ਕੀਤੀ ਸੇਵਾ ਨੂੰ ਮੁਕੰਮਲ ਨਹੀਂ ਸਮਝਦੇ, ਫਿਰ ਲੱਖੀ ਸ਼ਾਹ ਨੂੰ ਵੀ ਕੁਝ ਚਿਰ ਪਿੱਛੋਂ ਲੱਖੀ ਸਿੰਘ ਲਿਖਣਾ ਆਰੰਭ ਕਰ ਦੇਵਾਂਗੇ।

ਅੱਜਕੱਲ੍ਹ ਇਕ ਫੈਸ਼ਨ ਬਣ ਰਿਹਾ ਹੈ ਕਿ ਹਰ ਕੋਈ ਸਿੱਖ ਪਛਾਣ ਦੇ ਨਾਂਅ ਹੇਠ ਕਈ ਕਿਸਮ ਦੇ ਉਪਰਾਲੇ ਕਰ ਰਿਹਾ ਹੈ। ਮਾਤਾ ਗੁਜਰੀ ਨੂੰ ਕਈ ਥਾਂ ਮਾਤਾ ਗੁਜਰ ਕੌਰ ਲਿਖ ਰਹੇ ਹਾਂ। ਪਿਛਲੇ 300 ਸਾਲ ਦੇ ਇਤਿਹਾਸ ਵਿੱਚ ਕੋਈ ਇਕ ਥਾਂ ਵੀ ਲਿਖਿਆ ਦਿਖਾ ਦੇਵੇ ਕਿ ਕਿਧਰੇ ਮਾਤਾ ਗੁਜਰੀ ਦਾ ਨਾਂਅ ਕਿਸੇ ਹੋਰ ਰੂਪ ਵਿਚ ਲਿਖਿਆ ਗਿਆ ਹੋਵੇ। ਗੁਰੂ ਤੇਗ ਬਹਾਦਰ ਜੀ ਦਾ ਵਿਆਹ ਗੁਜਰੀ ਨਾਲ ਹੋਇਆ ਸੀ। ਪਟਨਾ ਵਿੱਚ ਉਨ੍ਹਾਂ ਦੀ ਕੁੱਖੋਂ ਹੀ ਦਸਵੇਂ ਪਾਤਸ਼ਾਹ ਦਾ ਜਨਮ ਹੋਇਆ ਸੀ। ਸਾਰਾ ਰਿਕਾਰਡ ਮਾਤਾ ਗੁਜਰੀ ਦੇ ਨਾਂਅ 'ਤੇ ਹੈ। ਮੁਗਲਾਂ ਦਾ ਲਿਖਿਆ ਇਤਿਹਾਸ ਜੋ ਫਾਰਸੀ ਵਿੱਚ ਹੈ, ਡਾ:ਗੰਡਾ ਸਿੰਘ ਨੇ ਲੱਭਿਆ ਹੈ। ਉਸ ਵਿੱਚ ਗੁਜਰ ਕੌਰ ਕਿਧਰੇ ਵੀ ਨਹੀਂ ਹੈ। ਕਿੰਨੇ ਸਿੱਖ ਇਤਿਹਾਸਕਾਰ ਹੋਏ ਹਨ ਤੇ ਕਿੰਨੇ ਕਥਾਕਾਰ ਜੋ ਭਾਈ ਸੰਤੋਖ ਸਿੰਘ ਰਚਿਤ ਇਤਿਹਾਸ ਪੜ੍ਹਦੇ ਹਨ। ਉਹ ਲੱਭ ਕੇ ਦੱਸਣ ਕਿ ਕਿਹੜਾ ਨਾਂਅ ਪ੍ਰਚਲਤ ਸੀ। ਅੱਜ ਵੀ ਕਿਸੇ ਇਤਿਹਾਸਕਾਰ ਨੇ ਇਹ ਨਾਂਅ ਨਹੀਂ ਲਿਖਿਆ।

ਆਪ ਮੁਹਾਰੇ ਕੌਮ ਦੇ ਵੱਡੇ ਖੈਰ-ਖੁਆ ਇਹ ਨਾਂਅ ਆਪਣੀ ਮਰਜ਼ੀ ਨਾਲ ਬਦਲ ਰਹੇ ਹਨ। ਕਈ ਇਸ ਤੋਂ ਵੀ ਹੋਰ ਅੱਗੇ ਨਿਕਲ ਗਏ ਹਨ। ਮਾਤਾ ਸੁੰਦਰੀ ਹੁਣ ਮਾਤਾ ਸੁੰਦਰ ਕੌਰ ਬਣਾ ਦਿੱਤੀ ਗਈ ਹੈ। ਇੱਥੇ ਵੀ ਉਹੋ ਭਾਵਨਾ ਕੰਮ ਕਰ ਰਹੀ ਹੈ। ਮੈਂ ਹੁਕਮਨਾਮੇ ਪੜ੍ਹੇ ਹਨ, ਜਿੱਥੇ ਕੇਵਲ ਮਾਤਾ ਸੁੰਦਰੀ ਲਿਖਿਆ ਹੋਇਆ ਹੈ। ਜੇ ਉਸ ਵਕਤ ਮਾਤਾ ਜੀ ਆਪ ਆਪਣੇ ਨਾਂਅ ਨਾਲ ਕੌਰ ਨਹੀਂ ਸਨ ਵਰਤਦੇ, ਫਿਰ ਹੁਣ ਇਹ ਕਿਸ ਨੂੰ ਆਗਿਆ ਹੈ ਕਿ ਉਹ ਇਤਿਹਾਸ ਨੂੰ ਬਦਲ ਦੇਵੇ ? ਸਾਰਾ ਜਗਤ ਜਾਣਦਾ ਹੈ ਕਿ ਭਾਈ ਨੰਦ ਲਾਲ ਦਸਵੇਂ ਪਾਤਸ਼ਾਹ ਦਾ ਦਰਬਾਰੀ ਕਵੀ ਸੀ। ਸਾਡੀ ਪਰੰਪਰਾ ਅਨੁਸਾਰ ਕੇਵਲ ਭਾਈ ਨੰਦ ਲਾਲ ਦੀ ਕਵਿਤਾ ਗੁਰਦੁਆਰੇ ਅੰਦਰ ਰਾਗੀ ਪੜ੍ਹ ਸਕਦੇ ਹਨ। ਦੂਜਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਇਹ ਪਦਵੀ ਪ੍ਰਾਪਤ ਹੈ। ਮੈਨੂੰ ਡਰ ਹੈ ਕਿ ਭਾਈ ਨੰਦ ਲਾਲ ਜੀ ਦਾ ਵੀ ਨਾਂਅ ਬਦਲਣ ਦਾ ਖਿਆਲ ਕਿਸੇ ਸ਼ਰਧਾਲੂ ਨੂੰ ਨਾ ਆ ਜਾਵੇ।

ਸਾਰੇ ਜਾਣਦੇ ਹਨ ਕਿ ਸਰਕਾਰੀ ਕਾਨੂੰਨ ਅਨੁਸਾਰ ਨਾਂਅ ਬਦਲਣ ਦੀ ਕੀ ਕਾਰਵਾਈ ਹੁੰਦੀ ਹੈ, ਕਿੰਨਾ ਮੁਸ਼ਕਿਲ ਕੰਮ ਹੈ।

ਪਿੰਡਾਂ ਦਾ ਨਾਂਅ ਵੀ ਸਹਿਜੇ ਕੀਤੇ ਕੋਈ ਬਦਲ ਨਹੀਂ ਸਕਦਾ।

ਮੇਰੀ ਇਹ ਬੇਨਤੀ ਹੈ ਕਿ ਸ਼ਰਧਾ ਨੂੰ ਕਾਇਮ ਰੱਖੋ, ਪਰ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਇਤਿਹਾਸ ਸਬੰਧੀ ਗਲਤ-ਫਹਿਮੀਆਂ ਪੈਦਾ ਨਾ ਕਰੋ। ਇਤਿਹਾਸਕਾਰ ਜਦ ਖੋਜ ਕਰਨਗੇ, ਫਿਰ ਕੀ ਲੱਭਣਗੇ ? ਇਹ ਵੀ ਦਰਜ ਕਰੋ ਕਿ ਕਿਸ ਖੋਜੀ ਨੇ ਇਹ ਨਾਂਅ ਲੱਭੇ ਹਨ ਤੇ ਇਨ੍ਹਾਂ ਦੀ ਪ੍ਰਵਾਨਗੀ ਕਿਸ ਨੇ ਦਿੱਤੀ ਹੈ ? ਸਿੰਘ ਸਾਹਿਬਾਨ ਇਸ ਬੇਲੋੜੀ ਨਵੀਂ ਸਮੱਸਿਆ ਨੂੰ ਹੁਣ ਹੀ ਰੋਕਣ ਦਾ ਉਪਰਾਲਾ ਕਰਨ।

--------------------------------------------------------------